# SIKH COUNCIL UK

A UNITED VOICE

FOR IMMEDIATE RELEASE

## ਬਰਤਾਨੀਆਂ ਦੇ ਕੁਝ ਸ਼ਹਿਰਾਂ ਵਿਚ ਹੋ ਰਹੀ ਹਿੰਸਾ, ਅਗਜ਼ਨੀ ਅਤੇ ਤੋੜਫੋੜ ਸਬੰਧੀ ਸਿੱਖ ਕੌਂਸਲ ਵਲੋਂ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ

ਹਾਲ ਹੀ ਵਿਚ ਲੰਡਨ ਅਤੇ ਦੇਸ਼ ਦੇ ਹੋਰ ਸ਼ਹਿਰਾਂ ਵਿਚ ਹੋਈ ਹਿੰਸਕ ਗੜਬੜ ਦੌਰਾਨ ਗੁਰਦੁਆਰਿਆਂ ਦੀ ਸੁਰੱਖਿਅਤਾ ਦਾ ਮੁੱਦਾ ਬੜੇ ਗੰਭੀਰ ਰੂਪ ਵਿਚ ਸਾਹਮਣੇ ਆਇਆ ਹੈ। ਐਸੀ ਤੋੜ ਫੋੜ, ਅਗਜ਼ਨੀ, ਲੁੱਟਖੋਹ ਅਤੇ ਭੰਨਤੋੜ ਦੀਆਂ ਘਟਨਾਵਾਂ ਦੇ ਮੱਦੇ ਨਜ਼ਰ ਸਿੱਖ ਕੌਂਸਲ ਯੂ ਕੇ ਨੇ ਸਿੱਖ ਭਾਈਚਾਰੇ ਨੂੰ ਕੁਝ ਦਿਸ਼ਾ ਨਿਰਦੇਸ਼ ਦੇ ਕੇ ਆਪਣੇ ਆਪ ਅਤੇ ਆਪਣੇ ਗੁਰਦੁਆਰਿਆਂ ਅਥਵਾ ਕਾਰੋਬਾਰਾਂ ਅਤੇ ਹੋਰ ਸੰਸਥਾਵਾਂ ਦੀ ਸੁਰੱਖਿਅਤਾ ਨੂੰ ਯਕੀਨੀ ਬਣਾਉਣ ਲਈ ਗਾਈਡ ਲਾਈਨਜ਼ ਜਾਰੀ ਕਰਨ ਦਾ ਉਦਮ ਕੀਤਾ ਹੈ। ਕੌਂਸਲ ਵਲੋਂ ਹੇਠ ਲਿਖੇ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ–

੧ ਲਗਾਤਾਰ ਚੌਕੰਨੇ ਰਹੋ, ਖਾਸ ਕਰਕੇ ਸ਼ਾਮ ਦੇ ਸਮੇਂ ਦਰਵਾਜ਼ੇ, ਸ਼ਟਰ ਅਤੇ ਖਿੜਕੀਆਂ ਆਦਿ ਬੰਦ ਕਰ ਦੇਵੋ।

੨ ਸਾਰੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਨਾਂ ਕੇਵਲ ਗੁਰਦੁਆਰੇ ਆਉਣ ਸਮੇਂ ਸਗੋਂ ਬਾਹਰ ਅੰਦਰ ਜਾਣ ਸਮੇਂ ਸੋਨੇ ਦੇ ਗਹਿਣੇ ਅਤੇ ਬੇਲੋੜੀ ਮਾਇਆ ਤੋਂ ਪਰਹੇਜ਼ ਕੀਤਾ ਜਾਵੇ। ਲੁੱਟ ਖੋਹ ਕਰਨ ਵਾਲੇ ਲੋਕ ਸਿੱਖ ਬੀਬੀਆਂ ਨੂੰ ਵਿਸ਼ੇਸ਼ ਤੌਰ ਤੇ ਨਿਸ਼ਾਨਾਂ ਬਣਾ ਰਹੇ ਹਨ।

੩ ਗੁਰਦੁਆਰਾ ਕਮੇਟੀਆਂ ਨੂੰ ਬੇਲੋੜੇ ਖਤਰੇ ਅਤੇ ਤੌਖਲੇ ਤੋਂ ਬਚਣ ਲਈ ਗੋਲਕਾਂ ਹਰ ਰੋਜ਼ ਖਾਲੀ ਕਰਨ ਅਤੇ ਮਾਇਆ ਬੈਂਕ ਵਿਚ ਜਮ੍ਹਾ ਕਰਵਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

੪ ਸਥਾਨਕ ਪੁਲਿਸ ਨਾਲ ਤਾਲਮੇਲ ਕਰਕੇ ਇਸ ਗੱਲ ਦੀ ਤਸਦੀਕ ਕਰ ਲਵੋ ਕਿ ਆਪ ਦਾ ਗੁਰਦੁਆਰਾ ਪੁਲਿਸ ਨਾਲ ਰਜਿਸਟਰਡ ਹੋਇਆ ਹੋਵੇ ਅਤੇ ਕੋਈ ਵੀ ਜਨਤਕ ਚਿਤਾਵਨੀ ਦੀ ਗੁਰਦੁਆਰਾ ਸਾਹਿਬ ਨੂੰ ਇਤਲਾਹ ਹੋਵੇ ਤਾਂ ਕਿ ਲੋੜ ਅਨੁਸਾਰ ਸੁਰੱਖਿਅਤਾ ਦੇ ਪ੍ਰਬੰਧ ਕੀਤੇ ਜਾ ਸਕਣ।

੫ ਐਮਰਜੈਂਸੀ ਵੇਲੇ ਦੀ ਕਾਰਵਾਈ ਦਾ ਬਿਆਨ ਪੰਜਾਬੀ ਤੇ ਅੰਗ੍ਰੇਜ਼ੀ ਦੋਹਾਂ ਭਾਸ਼ਾ ਹੋਣਾਂ ਚਾਹੀਦਾ ਹੈ ਅਤੇ ਕੁਸ਼ਲ ਸੇਵਾਦਾਰਾਂ ਦਾ ਸਹਾਇਤਾ ਲਈ ਤਤਪਰ ਹੋਣਾਂ ਜਰੂਰੀ ਹੈ ਜੀ।

੬ ਗੁਰਦੁਆਰਿਆਂ ਵਿਚ ਰਿਹਾਇਸ਼ ਰੱਖਣ ਵਾਲੇ ਗਿਆਨੀਆਂ ਨੂੰ ਤਤਕਾਲੀਨ (ਐਮਰਜੈਂਸੀ) ਸਮੇਂ ਦੀ ਕਾਰਵਾਈ ਬਾਰੇ ਜਾਣਕਾਰੀ ਹੋਣੀ ਜਰੂਰੀ ਹੈ ਅਤੇ ਇਸ ਸਬੰਧੀ ਦਿਸ਼ਾ ਨਿਰਦੇਸ਼ ਪੰਜਾਬੀ ਅਤੇ ਅੰਗ੍ਰੇਜ਼ੀ ਦੋਹਾਂ ਭਾਸ਼ਾਵਾਂ ਵਿਚ ਉਪਲਬਧ ਕਰਵਾਉਣੇਂ ਚਾਹੀਦੇ ਹਨ ਅਤੇ

ੳ) ਉਹਨਾਂ ਨੂੰ ਇਹ ਸਪੱਸ਼ਟ ਹੋਵੇ ਕਿ ਐਮਰਜੈਂਸੀ ਸਮੇਂ ਕਿਹੜੇ ਸੰਪਰਕ ਕਰਨੇ ਹਨ।

ਅ) ਉਹਨਾਂ ਕੋਲ ਗੁਰਦੁਆਰਾ ਸਾਹਿਬ ਜੀ ਦੇ ਨੇੜੇ ਰਹਿੰਦੇ ਮੈਂਬਰਾਂ ਅਤੇ ਜ਼ਿਮੇਵਾਰ ਮੈਂਬਰਾਂ ਦੇ ਸੰਪਰਕ ਨੰਬਰ ਹੋਣ। ਸਭ ਸੇਵਾਦਾਰਾਂ ਨੂੰ ਬੇਨਤੀ ਕੀਤੀ ਜਾਵੇ ਕਿ ਮੋਬਾਇਲ ਫੋਨ ਬੰਦ ਨਾਂ ਕੀਤੇ ਜਾਣ।

ੲ) ਅਗਜ਼ਨੀ ਜਾਂ ਐਮਰਜੈਂਸੀ ਦੌਰਾਨ ਅਵੈਕਿਊਏਸ਼ਨ ਦੇ ਪ੍ਰੋਸੀਜ਼ਰ, ਗੁਰੁ ਮਹਾਂਰਾਜ ਦੇ ਸਤਿਕਾਰ ਅਤੇ ਇਕੱਤਰਤਾ ਦੇ ਸਥਾਨ ਦੀ ਜਾਣਕਾਰੀ ਜਰੂਰੀ ਹੈ।

ਸ) ਸਥਾਨਕ ਸੰਗਤ ਨੂੰ ਬੇਨਤੀ ਕੀਤੀ ਜਾਵੇ ਕਿ ਉਹ ਗੁਰਦੁਆਰੇ ਤੇ ਨਿਗਾਹ ਰੱਖਣ ਅਤੇ ਕਿਸੇ ਵੀ ਸ਼ੱਕੀ ਘਟਨਾਂ ਦੀ ਰਿਪੋਰਟ ਪੁਲਿਸ ਅਥਵਾ ਜਿੰਮੇਵਾਰ ਮੈਂਬਰਾਂ ਨੂੰ ਦੇਣ। ਗੁਰਦਆਰਾ ਮੈਂਬਰਾਂ ਨੂੰ ਐਮਰਜੈਂਸੀ

Sikh Council UK - c/o Sikh Community & Youth Services (SCYS), 203 Ilkeston Road, Radford, Nottingham. NG7 3FW
Tel: 0115 9158834/6 Email: info@sikhcounciluk.org Website: www.sikhcounciluk.org

੭) ਸਬੰਧੀ ਟਰੇਨਿੰਗ ਦੇਣੀ ਲਾਹੇਬੰਦ ਹੈ। ਇਹ ਗੱਲ ਯਕੀਨੀ ਬਣਾਓ ਕਿ ਆਪ ਦਾ ਗੁਰਦੁਆਰਾ ਇੰਡੀਪੈਂਡੈਂਟ ਐਡਵਾਇਜ਼ਰੀ ਗਰੁਪ ਦਾ ਮੈਂਬਰ ਹੋਵੇ ਅਤੇ ਨੈਸ਼ਨਲ ਇਨਸੀਡੈਂਟ ਰਜਿਸਟਰ ਵਿਚ ਰਿਪੋਰਟ ਕਰਨ ਯੋਗ ਅਤੇ ਰਿਕਾਰਡ ਹੋਣ ਯੋਗ ਹੋਵੇ।

ਸਿੱਖ ਕੌਂਸਲ ਯੁ ਕੇ ਵਲੋਂ ਬੇਨਤੀ ਕਰਤਾ- ਕੁਲਵੰਤ ਸਿੰਘ ਢੇਸੀ